# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25.4.2022 ਦੀ ਕਾਰਵਾਈ

(ਮਤਾ ਨੰ: **232-254)**

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25.4.2022 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................. ਚੇਅਰਮੈਨ
2. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ
3. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
4. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:-232

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 18.4.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 18.4.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 6.1.2022 ਦੇ ਲੰਬਤ ਮਤਾ ਨੰ: 8 ਦੇ ਲੜੀ ਨੰ: 4, ਦੇ ਟੈਂਡਰ ਸਬੰਧੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਮਾਨਯੋਗ ਮੇਅਰ ਜੀ ਨੂੰ ਦਿਖਾਇਆ ਜਾਵੇ ।ਜਿਸ ਤੇ ਇਹ ਮਿਸਲ ਸਕੱਤਰ, ਮੇਅਰ ਦਫ਼ਤਰ ਜੀ ਨੂੰ ਹੱਥਦਸਤੀ ਦੇ ਦਿੱਤੀ ਗਈ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 13 ਨੂੰ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਲੰਬਤ ਮਤਾ ਨੰ: 24 ਸਬੰਧੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਮਾਨਯੋਗ ਮੇਅਰ ਜੀ ਨੂੰ ਦਿਖਾਇਆ ਜਾਵੇ ।
- ਮਿਤੀ 6.1.2022 ਦੇ ਲੰਬਤ ਮਤਾ ਨੰ: 16 ਦੇ ਟੈਂਡਰ ਸਬੰਧੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਮਾਨਯੋਗ ਮੇਅਰ ਜੀ ਨੂੰ ਦਿਖਾਇਆ ਜਾਵੇ ਅਤੇ ਇਹ ਮਿਸਲ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਪਹਿਲਾਂ ਹੀ ਹੱਥਦਸਤੀ ਦੇ ਦਿੱਤੀ ਗਈ ਸੀ ।
- ਮਿਤੀ 5.4.2022 ਦੀ ਮੱਦ ਨੰ: 112 ਅਤੇ 122 ਸਬੰਧੀ ਫੈਸਲਿਆਂ ਨੂੰ ਰੱਦ ਕੀਤਾ ਜਾਂਦਾ ਹੈ । ਕਿਉਂ ਜ਼ੋ ਸ੍ਰੀ ਪਵਨ ਕੁਮਾਰ, ਚੇਅਰਮੈਨ, ਵਾਟਰ ਸਪਲਾਈ ਐਡਹਾਕ ਕਮੇਟੀ ਵਲੋਂ ਇਤਰਾਜ਼ ਕੀਤਾ ਗਿਆ ਹੈ, ਇਸ ਲਈ ਇਹ ਦੋਵੇਂ ਮਦਾਂ ਲੰਬਿਤ ਰੱਖੀਆਂ ਜਾਂਦੀਆਂ ਹਨ ਅਤੇ ਫੈਸਲਾ ਹੋਇਆ ਕਿ ਇਹ ਮਿਸਲਾਂ ਉਹਨਾਂ ਨੂੰ ਦਿਖਾਈਆਂ ਜਾਣ।
- ਮਿਤੀ 7.4.2022 ਦੀ ਲੰਬਤ ਮੱਦ ਨੰ: 131 ਸਬੰਧੀ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ । ਇਹ ਵੀ ਫੈਸਲਾ ਹੋਇਆ ਕਿ ਇਹਨਾਂ ਕੰਮਾਂ ਦੇ ਫਾਇਨਲ ਬਿਲਾਂ ਦੀ ਅਦਾਇਗੀ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਉਪਰੰਤ ਕੀਤੀ ਜਾਵੇਗੀ ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:-233

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 19.4.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 19.4.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:

- ਮਿਤੀ 19.4.2022 ਦੀ ਲੰਬਤ ਮੱਦ ਨੰ: 213 ਸਬੰਧੀ ਫੈਸਲਾ ਹੋਇਆ ਕਿ ਇਸ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-234

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 20.4.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 20.4.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 20.4.2022 ਦੀ ਲੰਬਤ ਮੱਦ ਨੰ: 225 ਸਬੰਧੀ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:-235

ਵਿਸ਼ਾ:- Strengthening of Sump of Dhan Mohalla disposal and other repair work of disposal. (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਤਖਮੀਨਾ | ਰੁਪਏ 3,41,630/- | |
| ਟੈਂਡਰ ਅਮਾਉਂਟ | ਰੁਪਏ 3,68,960/- | Above 8% |
| ਫਰਮ ਦਾ ਨਾ | The Shine Star Co.op L/C society Ltd. | |
| ਟੈਂਡਰ ਕਾਲ ਕੀਤੇ:- | ਤੀਸਰੀ Attempt | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 79(43) ਮਿਤੀ 27.07.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਵੱਲੋਂ ਇਸ ਕੰਮ ਸਬੰਧੀ ਤਖਮੀਨੇ ਨਾਲੋ 8% ਵਾਧੂ ਰੇਟ ਕੋਟ ਕੀਤਾ ਗਿਆ ਹੈ। ਇਸ ਲਈ ਠੇਕੇਦਾਰ ਵੱਲੋਂ ਇਸ ਕੰਮ ਦੇ ਟੈਂਡਰ ਸਬੰਧੀ ਤਖਮੀਨੇ ਨਾਲੋ 8% ਵਾਧੂ ਕੋਟ ਕੀਤੇ ਗਏ ਰੇਟ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.4.2022 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਠੇਕੇਦਾਰ ਤਖ਼ਮੀਨੇ ਦੇ ਰੇਟਾਂ ਤੇ ਕੰਮ ਕਰਨ ਲਈ ਸਹਿਮਤੀ ਦਿੰਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-236

ਵਿਸ਼ਾ:- Repair of Manholes on 69 Inch dia Sewerline connected to STP Basti Peer dad. (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ 3,28,476/- | | |
| ਟੈਂਡਰ ਅਮਾਉਂਟ | ਰੁਪਏ 3,54,754/- | Above 8% | |
| ਫਰਮ ਦਾ ਨਾ | The Shine Star Co.op L/C society Ltd. | | |
| ਟੈਂਡਰ ਕਾਲ ਕੀਤੇ:- | ਤੀਸਰੀ Attempt | ਪ੍ਰਾਪਤ ਹੋਏ ਟੈਂਡਰ-1 | |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 77(7) ਮਿਤੀ 27.07.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਵੱਲੋਂ ਇਸ ਕੰਮ ਸਬੰਧੀ ਤਖਮੀਨੇ ਨਾਲੋ 8% ਵਾਧੂ ਰੇਟ ਕੋਟ ਕੀਤਾ ਗਿਆ ਹੈ। ਇਸ ਲਈ ਠੇਕੇਦਾਰ ਵੱਲੋਂ ਇਸ ਕੰਮ ਦੇ ਟੈਂਡਰ ਸਬੰਧੀ ਤਖਮੀਨੇ ਨਾਲੋ 8% ਵਾਧੂ ਕੋਟ ਕੀਤੇ ਗਏ ਰੇਟ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ । ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ਠੇਕੇਦਾਰ ਤਖ਼ਮੀਨੇ ਦੇ ਰੇਟਾਂ ਤੇ ਕੰਮ ਕਰਨ ਲਈ ਸਹਿਮਤੀ ਦਿੰਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-237

ਵਿਸ਼ਾ:- Providing and Installation of New Traffic Signal Light at Capt. Vinayak Chowk Cool rd W-21 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ | 11,05,000/- | |
| ਟੈਂਡਰ ਅਮਾਉਂਟ | ਰੁਪਏ | 10,79,364/- | Saving 2.32% |
| ਫਰਮ ਦਾ ਨਾ | RR Electronics | | |
| ਟੈਂਡਰ ਕਾਲ ਕੀਤੇ:- | ਦੂਸਰੀ Attempt | | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 129(47) ਮਿਤੀ 28.10.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਮੱਦ ਲੰਬਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਪਹਿਲਾਂ ਇਸ ਕੰਮ ਬਾਰੇ ਚੰਗੀ ਤਰ੍ਹਾਂ ਵਿਚਾਰ ਲਿਆ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:- 238

ਵਿਸ਼ਾ:- ਆਦਰਸ਼ ਨਗਰ ਨੇੜੇ ਗੁਰੂ ਦੁਆਰਾ ਸਾਹਿਬ ਚੌਕ ਵਿਖੇ ਸੋਲਰ ਬਲਿੰਕਰ ਟਰੈਫਿਕ ਲਾਇਟਾਂ ਲਗਾਉਣ ਬਾਰੇ। ਵਾਰਡ ਨੰ: 47 ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ: 1,47,600/- ਕੁੱਲ ਪ੍ਰਾਪਤ ਵੈਲਿਡ ਟੈਂਡਰ 1 (ਦੂਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 1,44,042/- ਸੇਵਿੰਗ 2.41%
ਅਜੰਸੀ ਦਾ ਨਾਮ:- ਮੈ: ਆਰ.ਆਰ ਇਲੈਕਟ੍ਰੋਨਿਕਸ

ਵਾਰਡ ਨੰ: 47 ਦੇ ਕੋਂਸਲਰ ਸ੍ਰੀਮਤੀ ਬਲਵਿੰਦਰ ਕੌਰ ਨੇ ਅਪਣੇ ਪੱਤਰ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਇਸ ਚੌਕ ਵਿੱਚ ਟਰੈਫਿਕ ਰਹਿੰਦਾ ਹੈ। ਇਸ ਕਰਕੇ ਇਸ ਚੌਕ ਵਿੱਚ ਸੋਲਰ ਬਲਿੰਕਰ ਟਰੈਫਿਕ ਲਾਇਟਾਂ ਲਗਾਏ ਜਾਣ। ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਚੌਕ ਦਾ ਸਰਵੇ ਕਰਕੇ ਸੋਲਰ ਬਲਿੰਕਰ ਟਰੈਫਿਕ ਲਾਇਟਾਂ ਲਗਾਉਣ ਲਈ ਤਖਮੀਨਾ ਰੁਪਏ 1,47,600/- ਦਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 90(2) ਮਿਤੀ 01.12.2020 ਰਾਹੀਂ ਦਿੱਤੀ।ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 18.1.2021 ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 08.2.2021 ਰਾਹੀਂ ਮੰਗੇ ਗਏ, ਕੇਵਲ ਇਕ ਟੈਂਡਰ ਪ੍ਰਾਪਤ ਹੋਇਆ, ਜ਼ੋ ਕਿ ਤਕਨੀਕੀ ਮਿਆਰ ਪੱਖੋ ਪੂਰਾ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ, ਜਿਸ ਅਨੁਸਾਰ ਅਜੰਸੀ ਵੱਲੋਂ ਰੁਪਏ 1,47,600/- ਦੇ ਵਿਰੁੱਧ 2.41% ਦੀ ਸੇਵਿੰਗ ਨਾਲ ਰੁਪਏ 1,44,042/- ਵਿੱਚ ਕੰਮ ਕਰੇਗੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:- 239

ਵਿਸਾ:- ਪ੍ਰੋਵਾਇਡਿੰਗ ਐਂਡ ਇਨਸਟਾਲੇਸ਼ਨ ਆਫ ਰਿਗ ਬੋਰ ਟਿਊਬਵੈਲ ਐਟ ਗੋਲਡਨ ਐਵੀਨਿਊ ਫੇਜ-2 ਵਾਰਡ ਨੰਬਰ 23 (ਰਿਪਲੇਸਮੇਂਟ) ਸਬੰਧੀ ਤਖਮੀਨੇ ਵਿੱਚ 10% ਵਾਧੇ ਉਪਰੰਤ 5% ਹੋਰ (ਕੁੱਲ 15%) ਵਾਧਾ ਕਰਨ ਬਾਰੇ।

ਤਖਮੀਨਾਂ ਰੁਪਏ 17,51,462/-
ਸੋਧਿਆ ਤਖਮੀਨਾ ਰੁਪਏ 18,53,402/-(ਨਵੇਂ ਸੀ.ਐਸ.ਆਰ ਅਨੁਸਾਰ)
ਟੈਂਡਰ ਮੰਗੇ ਰੁਪਏ 18,53,402/-
ਟੈਂਡਰ ਅਮਾਊਂਟ ਰੁਪਏ 17,95,946/- ਸੇਵਿੰਗ 3.10%
ਅਜੰਸੀ ਦਾ ਨਾਮ M/s GK Engg. Co. Op L/c Society Ltd.

ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਲਈ ਤਖਮੀਨਾ ਰੁਪਏ 17,51,462/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 98(5) ਮਿਤੀ 29-11-2019 ਰਾਂਹੀ ਦਿੱਤੀ ਗਈ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਸੁਸਾਇਟੀਆਂ/ ਠੇਕੇਦਾਰਾਂ ਤੋਂ ਕਈ ਬਾਰ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਮਿਤੀ 24-08-2020 ਤੋਂ ਨਵਾਂ ਸੀ.ਐਸ.ਆਰ 2020 ਜਾਰੀ ਹੋਣ ਕਰਕੇ ਇਸ ਕੰਮ ਦੇ ਟੈਂਡਰ ਤਖਮੀਨੇ ਨੂੰ ਰੀਵਾਇਜ ਕਰਕੇ ਮੁੜ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਦੇ ਹੁਕਮ ਕਮਿਸ਼ਨਰ ਜੀ ਵਲੋਂ ਮਿਤੀ 15-09-2020 ਰਾਹੀਂ ਜਾਰੀ ਕੀਤੇ ਗਏ। ਇਨ੍ਹਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਸੋਧੇ ਹੋਏ ਤਖਮੀਨੇ ਅਨੁਸਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਤੋਂ ਮਿਤੀ 19-10-2020 ਲਈ ਮੰਗੇ ਗਏ ਤੇ ਕੁੱਲ 4 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰੇ ਸਨ। ਇਸ ਲਈ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ ਉਕਤ ਸੁਸਾਇਟੀ ਦਾ ਪ੍ਰਾਪਤ ਹੋਇਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 56(5) ਮਿਤੀ 10-03-2021 ਰਾਹੀਂ ਪ੍ਰਵਾਨ ਕੀਤਾ ਗਿਆ।

ਇਸ ਦਫਤਰ ਦੇ ਪੱਤਰ ਨੰਬਰ CE/ET/25 ਮਿਤੀ 16-03-2021 ਰਾਹੀਂ ਸੁਸਾਇਟੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਕੰਮ ਨੂੰ ਮਕੰਮਲ ਕਰਨ ਲਈ 4 ਮਹੀਨੇ ਦਾ ਸਮਾਂ ਦਿਤਾ ਗਿਆ। ਠੇਕੇਦਾਰ ਵਲੋਂ ਮੋਕੇ ਤੇ ਕੰਮ ਸ਼ੁਰੂ ਕਰਕੇ ਅਤੇ ਪੂਰਾ ਕਰਨ ਉਪਰੰਤ ਆਪਣਾ ਅੰਤਿਮ ਬਿਲ ਅਦਾਇਗੀ ਹਿੱਤ ਪੇਸ਼ ਕੀਤਾ ਹੈ, ਜਿਸ ਵਿਚੋਂ ਲੇਖਾ ਸ਼ਾਖਾ ਵਲੋਂ 87,540/- ਵਿਦ ਹੈਲਡ ਕੀਤੇ ਗਏ ਸੀ। ਇਥੇ ਇਹ ਦਸਿਆ ਜਾਂਦਾ ਹੈ ਕਿ ਮੋਕੇ ਤੇ ਟੀ-ਕੁਨੈਕਸ਼ਨ ਅਤੇ ਪਾਰਕ ਰਿਪੇਅਰ ਦਾ ਕੰਮ ਹੋਣ ਕਰਕੇ ਮੋਕੇ ਉਪਰ ਕੰਮ ਵੱਧ ਹੋਇਆ ਹੈ ਜ਼ੋ ਕਿ 5% ਵੇਰੀਏਸ਼ਨ ਦੇ ਅੰਦਰ ਆਉਂਦਾ ਹੈ, ਇਸ ਲਈ ਉਪਰੋਕਤ ਨੂੰ ਮੁੱਖ ਰਖਦੇ ਹੋਏ ਅਜੰਸੀ ਵਲੋਂ ਕੀਤੇ ਗਏ ਕੰਮ ਦੀ ਅਦਾਇਗੀ ਕਰਨ ਲਈ ਇਸ ਕੰਮ ਦੇ ਤਖਮੀਨੇ ਵਿੱਚ 5% ਹੋਰ (10% ਵਾਧੇ ਤੋਂ ਇਲਾਵਾ 5% ਹੋਰ ਕੁੱਲ 15%) ਵਾਧਾ ਕਰਨ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਤਜ਼ਵੀਜ਼ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਦੀ ਡਿਟੇਲ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:- 240

ਵਿਸ਼ਾ:- Annual Estimate for Desilting of Sewer lines and Manholes with Super Suction machine in different areas of ward falling in Zone No. 6 ਸਬੰਧੀ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਤਖਮੀਨਾਂ ਰੁਪਏ 47,56,000/-

ਟੈਂਡਰ ਅਮਾਉਂਟ ਰੁਪਏ 46,57,550/- ਸੇਵਿੰਗ 2.07%

ਅਜੰਸੀ ਦਾ ਨਾਮ: M/s Rai Construction, Jalandhar

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 47,56,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 77 ਮਿਤੀ 01-12-2020 ਰਾਹੀਂ ਦਿੱਤੀ ਗਈ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਸੁਸਾਇਟੀਆਂ ਤੋਂ ਮਿਤੀ 21-12-2020 ਅਤੇ ਠੇਕੇਦਾਰਾਂ ਤੋਂ ਮਿਤੀ 10-02-2021 ਰਾਹੀਂ ਮੰਗੇ ਗਏ ਸਨ ਪਰੰਤੂ ਸੁਸਾਇਟੀਆਂ/ ਠੇਕੇਦਾਰਾਂ ਵਲੋਂ ਵੈਬਸਾਇਟ ਤੇ ਅਪਲੋਡ ਕੀਤੇ ਗਏ ਐਨ.ਆਈ.ਟੀ ਅਨੁਸਾਰ ਦਸਤਾਵੇਜ਼ ਪੂਰੇ ਨਾ ਹੋਣ ਕਾਰਨ ਇਨ੍ਹਾਂ ਟੈਂਡਰਾਂ ਨੂੰ ਟੈਕਨੀਕਲ ਇਵੈਲੂਏਸ਼ਨ ਵਲੋਂ ਡਿਸਕੁਆਲੀਫਾਈ ਕਰਦੇ ਹੋਏ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਸ ਉਪਰੰਤ ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 17-03-2021 ਰਾਹੀਂ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਉਕਤ ਅਜੰਸੀ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰਾ ਪਾਇਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 160(6) ਮਿਤੀ 19-04-2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਦਫਤਰ ਦੇ ਪੱਤਰ ਨੰਬਰ CE/ET/ARC/08 ਮਿਤੀ 27-04-2021 ਰਾਹੀਂ ਅਜੰਸੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਕੰਮ ਕਰਨ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਅਜੰਸੀ ਨੇ ਮੌਕੇ ਤੇ ਕੰਮ ਸ਼ੁਰੂ ਕਰਕੇ ਅਤੇ ਕੁੱਝ ਕੰਮ ਕਰਨ ਉਪਰੰਤ ਆਪਣੇ ਚੱਲਤ ਬਿਲ ਅਦਾਇਗੀ ਹਿੱਤ ਪੇਸ਼ ਕੀਤੇ ਸੀ, ਜਿਸ ਦੀ ਅਦਾਇਗੀ ਅਜੰਸੀ ਨੂੰ ਕੀਤੀ ਜਾ ਚੁੱਕੀ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਪਰਗਟ ਸਿੰਘ, ਵਿਧਾਇਕ (ਹਲਕਾ ਕੈਂਟ) ਜੀ ਵਲੋਂ ਆਪਣੇ ਪੱਤਰ ਰਾਹੀਂ ਮਾਨਯੋਗ ਕਮਿਸ਼ਨਰ ਸਾਹਿਬ ਜੀ ਨੂੰ ਲਿਖਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਵੱਖ-ਵੱਖ ਇਲਾਕੇ ਜਿਵੇਂ ਕਿ ਬੀ.ਡੀ ਇਨਕਲੇਵ, ਖੁਰਲਾ ਕਿੰਗਰਾ, ਅਰਬਨ ਅਸਟੇਟ ਫੇਜ-1 ਅਤੇ ਗਰੀਨਵੁਡ ਐਵੀਨਿਊ ਆਦਿ ਵਿੱਚ ਸੀਵਰੇਜ਼ ਦੀ ਕਾਫੀ ਜਿਆਦਾ ਸਮਸਿਆ ਹੈ, ਜਿਸ ਕਾਰਨ ਇਥੋਂ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਵਿਸ਼ੇ ਅਧੀਨ ਚੱਲ ਰਹੇ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਕੇ ਇਨ੍ਹਾਂ ਇਲਾਕਿਆਂ ਵਿੱਚ ਵੀ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਇਆ ਜਾਵੇ ਤਾਂ ਜ਼ੋ ਪਬਲਿਕ ਨੂੰ ਸੀਵਰੇਜ਼ ਸਬੰਧੀ ਆ ਰਹੀ ਸਮਸਿਆ ਤੋਂ ਨਿਜਾਤ ਮਿਲ ਸਕੇ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ਼ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਉਪਰੋਕਤ ਇਲਾਕਿਆਂ ਵਿੱਚ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੇ ਪ੍ਰਵਾਨ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਤਜ਼ਵੀਜ਼ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰ: 241

**ਵਿਸ਼ਾ:-** Providing and Laying of DI K7 Water Supply line at Vikaspuri W-60
(ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ | 4,04,500/- | |
| ਟੈਂਡਰ ਅਮਾਊਂਟ | ਰੁਪਏ | 4,02,477/- | Saving 0.50% |
| ਫਰਮ ਦਾ ਨਾ | MK Industries | | |
| ਟੈਂਡਰ ਕਾਲ ਕੀਤੇ:- | ਦੂਸਰੀ Attempt | | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 77(23) ਮਿਤੀ 27.07.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ੳ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ੳ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਐਸ.ਈ. (ੳ ਐਂਡ ਐਮ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ/ ਠੇਕੇਦਾਰ ਵਲੋਂ ਇਸ ਕੰਮ ਲਈ 1.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 1.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜ਼ੂਰੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰ: 242

**ਵਿਸ਼ਾ:-** Providing and Laying of 3 inch dia GI Pipe in Tarun Enclave Tower Wali Gali Dakoha Zone 5A W-10 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ | 2,98,024/- | |
| ਟੈਂਡਰ ਅਮਾਉਂਟ | ਰੁਪਏ | 2,92,093/- | Saving 1.99% |
| ਫਰਮ ਦਾ ਨਾ | AGI Construction Co. | | |
| ਟੈਂਡਰ ਕਾਲ ਕੀਤੇ:- | ਦੂਸਰੀ Attempt | | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐੇਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 03.12.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੁਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਸ ਲਈ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਐਸ.ਈ. (ਓ ਐਂਡ ਐਮ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ/ ਠੇਕੇਦਾਰ ਵਲੋਂ ਇਸ ਕੰਮ ਲਈ 3.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 3.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰ:243

ਵਿਸ਼ਾ:- ਬੀ. ਐੰਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।(MC Funds)

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 1134 ਮਿਤੀ 27.12.2021 ਸਬੰਧੀ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐੰਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | Name of Work | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|
| 1 | Maintenance of streets, drains & parks etc. in W.No. 66 | 10.00 | 14.13 | 8.59 | The Inder Prast Co.op L/C Society Ltd. | 2 | 1 | Anti. Dt. 22.10.2021 |

ਹਵਾਲੇ ਅਧੀਨ ਮਤੇ ਰਾਹੀਂ ਇਸ ਟੈਂਡਰ ਨੂੰ ਵਿਚਾਰਣ ਉਪਰੰਤ ਫੈਸਲਾ ਹੋਇਆ ਸੀ ਕਿ ਪਹਿਲਾਂ ਸਬੰਧਤ ਵਾਰਡਾਂ ਦੇ ਕੋਂਸਲਰਾਂ ਪਾਸੋਂ ਸਹਿਮਤੀ ਲੈ ਕੇ ਦੁਬਾਰਾ ਟੈਂਡਰ ਵਿਚਾਰਣ ਹਿੱਤ ਪੇਸ਼ ਕੀਤਾ ਜਾਵੇ।ਕਾਰਜਕਾਰੀ ਇੰਜੀਨਿਅਰ (ਬੀ ਐੰਡ ਆਰ) ਨੇ ਲਿਖਿਆ ਹੈ ਕਿ ਸਬੰਧਤ ਕੋਂਸਲਰਾਂ ਪਾਸੋਂ ਸਹਿਮਤੀ ਲੈ ਲਈ ਗਈ ਹੈ ਅਤੇ ਟੈਂਡਰ ਪ੍ਰਵਾਨ ਕਰਨ ਹਿੱਤ ਸਿਫਾਰਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨਿਅਰ (ਬੀ ਐੰਡ ਆਰ) ਨੇ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ।

ਫੈਸਲਾ:

ਵਿਚਾਰਣ ਉਪਰੰਤ ਐਸ.ਈ. (ਬੀ ਐੰਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ/ ਠੇਕੇਦਾਰ ਵਲੋਂ ਇਸ ਕੰਮ ਲਈ 24.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 24.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:- 244

ਵਿਸ਼ਾ: P/L of BM and PC on the road at HMV College. W.No. 67 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 28.17 ਲੱਖ ਟੈਂਡਰ ਅਮਾਉਂਟ ਰੁ: 26.59 ਲੱਖ ਸੇਵਿੰਗ: 5.61%
ਫਰਮ ਦਾ ਨਾਂ:- ਪੀ.ਪੀ. ਐਂਟਰਪ੍ਰਾਇਜ਼ਜ਼
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

**ਹਵਾਲਾ:-** ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ: 528 ਮਿਤੀ 24.8.2021 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 10(4) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 20.4.2022 ਲਿਖਿਆ ਹੈ ਕਿ ਹਵਾਲੇ ਅਧੀਨ ਰਾਹੀਂ ਮਤੇ ਨੂੰ ਲੰਬਿਤ ਰੱਖਿਆ ਗਿਆ ਸੀ। ਜਿਸ ਨੂੰ ਪ੍ਰਵਾਨ ਕਰਨ ਲਈ ਮੁੜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 20.4.2022 ਰਾਹੀਂ ਸਹਿਮਤੀ ਦਿੱਤੀ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਜਿਸ ਤੇ ਇਹ ਮਿਸਲ ਹੱਥਦਸਤੀ ਉਹਨਾਂ ਨੂੰ ਦੇ ਦਿੱਤੀ ਗਈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:- 245

ਵਿਸ਼ਾ: Construction of CC streets Shakti Park to Gas Agency. (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 81.08 ਲੱਖ ਟੈਂਡਰ ਅਮਾਊਂਟ ਰੁ: 60.00 ਲੱਖ ਸੇਵਿੰਗ: 26.00%
ਫਰਮ ਦਾ ਨਾਂ:- ਮੈਸਰਜ ਅਸ਼ੋਕ ਕੁਮਾਰ ਸੋਬਤੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 11.10.2021 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 7.1.2022 ਨੂੰ ਉਪਰੋਕਤ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਟੈਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਦਾ ਮੌਕਾ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦਿਖਾਇਆ ਜਾਵੇ ਜਿਸ ਤੇ ਇਹ ਮਿਸਲ ਹੱਥਦਸਤੀ ਉਹਨਾਂ ਨੂੰ ਦੇ ਦਿੱਤੀ ਗਈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:- 246

ਵਿਸ਼ਾ :- Renovation of Rock Garden in SUS Nagar. (Gen)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਕੰਮ ਦਾ ਤਖਮੀਨਾਂ 36.79 ਲੱਖ ਦਾ ਤਿਆਰ ਕੀਤਾ ਗਿਆ ਸੀ। ਜਿਸ ਨੂੰ ਮਾਣਯੋਗ ਹਾਊਸ ਦੇ ਮਤਾ ਨੰ: 72(88) ਮਿਤੀ : 27.07.2021 ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਗਿਆ ਸੀ ਅਤੇ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ: 1128 ਮਿਤੀ : 21.12.2021 ਰਾਹੀ ਸੇਵਿੰਗ 5.00% ਤੇ ਪ੍ਰਵਾਨ ਕਰਨ ਉਪਰੰਤ ਮੈਸ. ਆਸ਼ਨਾ ਕੰਨਸਟਰਕਸ਼ਨ ਐਂਡ ਕੰਪਨੀ ਠੇਕੇਦਾਰ ਨੂੰ ਇਸ ਦਫ਼ਤਰ ਦੇ ਵਰਕ ਆਰਡਰ ਨੰ: CE/B&R/193 ਮਿਤੀ : 24.12.2021 ਰਾਹੀ ਅਲਾਟ ਕੀਤਾ ਗਿਆ ਸੀ। ਤਖਮੀਨੇ ਅਨੁਸਾਰ ਮੌਕੇ ਤੇ ਕੰਮ ਕਰਨ ਉਪਰੰਤ ਮਾਣਯੋਗ ਮੇਅਰ ਸਾਹਿਬ ਜੀ ਦੇ ਹੁਕਮ ਅਨੁਸਾਰ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਮੌਕੇ ਤੇ ਤਖਮੀਨੇ ਤੋਂ ਇਲਾਵਾ ਵੀ ਕੁੱਝ ਹੋਰ ਕੰਮ ਕਰਨ ਲਈ ਆਦੇਸ਼ ਦਿੱਤੇ ਗਏ (ਨਾਲ ਨੱਥੀ) ਜਿਸ ਕਰਕੇ ਤਖਮੀਨੇ ਦੀਆਂ ਆਈਟਮ ਵਿੱਚ ਕੁੱਝ ਵੈਰੀਏਸ਼ਨ ਕਰਨੀ ਲਾਜ਼ਮੀ ਹੋਵੇਗੀ। ਹੁਣ ਬਣੇ ਹੋਏ ਤਖਮੀਨੇ ਨੂੰ 24.75% ਰਿਵਾਇਜ਼ (ਨਾਲ ਨੱਥੀ) ਆਇਟਮ ਵੈਰੀਏਸ਼ਨ ਅਤੇ ਸਮੇਂ ਵਿੱਚ ਪ੍ਰਵਾਨਗੀ ਹੋਣ ਦੀ ਮਿਤੀ ਤੋਂ 1 ਮਹੀਨੇ ਵਾਧੇ ਦੀ ਇਜ਼ਾਜਤ ਦਿੱਤੀ ਜਾਵੇ ਜੀ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਤਖਮੀਨਾ ਰੀਵਾਇਜ ਕਰਨ ਲਈ ਤਜਵੀਜ ਵਿੱਤ ਠੇਕਾ ਕਮੇਟੀ ਵਿੱਚ ਵਿਚਾਰਨ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਖਮੀਨਾ ਰੀਵਾਇਜ ਕਰਨ ਦੀ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:- 247

ਵਿਸ਼ਾ: P/L of BC in Mata Rani Chowk to Model House Ward No. 37 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 82.80 ਲੱਖ ਟੈਂਡਰ ਅਮਾਉਂਟ ਰੁ: 71.29 ਲੱਖ ਸੇਵਿੰਗ: 13.90%
ਫਰਮ ਦਾ ਨਾਂ:- ਭੂਸ਼ਨ ਛੁਰਾ ਐਂਡ ਕੰਪਨੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 11.10.2021 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 7.1.2022 ਨੂੰ ਉਪਰੋਕਤ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਟੈਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:-248

ਵਿਸ਼ਾ: Repair and Renovation of 13 Numbers of Fire Brigade Quarters. (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 53.45 ਲੱਖ ਟੈਂਡਰ ਅਮਾਊਂਟ ਰੁ: 50.23 ਲੱਖ ਸੇਵਿੰਗ: 6.03%
ਫਰਮ ਦਾ ਨਾਂ:- ਦੀ ਦੌਲਤਪੁਰੀ ਕੋ.ਅਪ.ਐਲ.ਸੀ.ਸੋਸਾਇਟੀ ਲਿਮਟਿਡ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 10.11.2021 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-249

ਵਿਸ਼ਾ :- P/L BM & PC on Ladhewali phirni road Part of W.No.9 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 34.80 ਲੱਖ ਟੈਂਡਰ ਅਮਾਊਂਟ : 33.54 ਲੱਖ ਸੇਵਿੰਗ:3.61%

ਫਰਮ ਦਾ ਨਾਂ:- ਪੀ.ਪੀ. ਐਂਟਰਪ੍ਰਾਇਜ਼ਜ਼

ਟੈਂਡਰ ਕਾਲ ਕੀਤੇ: ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 201 ਮਿਤੀ 19.4.2022 ਸਬੰਧੀ ।

ਹਵਾਲੇ ਅਧੀਨ ਮਤੇ ਰਾਹੀਂ ਇਹ ਫੈਸਲਾ ਹੋਇਆ ਸੀ ਕਿ ਕਿਉਂ ਜੋ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਹੈ, ਇਸ ਲਈ ਐਸ.ਈ.(ਬੀ ਐਂਡ ਆਰ) ਸਬੰਧਤ ਅਜੰਸੀ/ਠੇਕੇਦਾਰ ਨਾਲ ਸੇਵਿੰਗ ਸਬੰਧੀ ਨੈਗੋਸ਼ਿਏਸ਼ਨ ਕਰਕੇ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 21.4.2022 ਰਾਹੀਂ ਲਿਖਿਆ ਹੈ ਕਿ ਸਬੰਧਤ ਅਜੰਸੀ/ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਸ ਕੰਮ ਲਈ 5% ਸੇਵਿੰਗ ਲਈ ਸਹਿਮਤੀ ਦਿੱਤੀ ਹੈ । ਟੈਂਡਰ ਮੁੜ ਵਿਚਾਰਣ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ ਸੋਸਾਇਟੀ ਵਲੋਂ ਇਸ ਕੰਮ ਲਈ 15.88% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰ:250

ਵਿਸ਼ਾ :- P/L BM and SDBC on the street of Karol Bagh (UEIP ph-3 Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 82.87 ਲੱਖ ਟੈਂਡਰ ਅਮਾਉਂਟ :78.44 ਲੱਖ ਸੇਵਿੰਗ: 5.35%
ਫਰਮ ਦਾ ਨਾਂ:- ਰਾਜੀਵ ਕੁਮਾਰ ਅਗਰਵਾਲ
ਟੈਂਡਰ ਕਾਲ ਕੀਤੇ: ਤੀਜੀ ਵਾਰੀ ਪ੍ਰਾਪਤ ਹੋਏ ਟੈਂਡਰ:- 02

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 202 ਮਿਤੀ 19.4.2022 ਸਬੰਧੀ ।

ਹਵਾਲੇ ਅਧੀਨ ਮਤੇ ਰਾਹੀਂ ਇਹ ਫੈਸਲਾ ਹੋਇਆ ਸੀ ਕਿ ਕਿਉਂ ਜ਼ੋ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਹੈ, ਇਸ ਲਈ ਐਸ.ਈ.(ਬੀ ਐਂਡ ਆਰ) ਸਬੰਧਤ ਅਜੰਸੀ/ਠੇਕੇਦਾਰ ਨਾਲ ਸੇਵਿੰਗ ਸਬੰਧੀ ਨੈਗੋਸ਼ਿਏਸ਼ਨ ਕਰਕੇ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 21.4.2022 ਰਾਹੀਂ ਲਿਖਿਆ ਹੈ ਕਿ ਸਬੰਧਤ ਅਜੰਸੀ/ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਸ ਕੰਮ ਲਈ 6.35% ਸੇਵਿੰਗ ਲਈ ਸਹਿਮਤੀ ਦਿੱਤੀ ਹੈ। ਟੈਂਡਰ ਮੁੜ ਵਿਚਾਰਣ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ ਸੋਸਾਇਟੀ ਵਲੋਂ ਇਸ ਕੰਮ ਲਈ 15.88% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰ:251

ਵਿਸ਼ਾ :- P/L BM and BC on main road New Defence Colony Ramamandi, W.No.13 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 39.09 ਲੱਖ ਟੈਂਡਰ ਅਮਾਉਂਟ 38.46 ਲੱਖ ਸੇਵਿੰਗ 1.61 %
ਫਰਮ ਦਾ ਨਾਂ:- ਪੀ.ਪੀ.ਐਂਟਰਪ੍ਰਾਇਜ਼ਜ਼
ਟੈਂਡਰ ਕਾਲ ਕੀਤੇ: ਅੱਠਵੀਂ ਵਾਰੀ ਪ੍ਰਾਪਤ ਹੋਏ ਟੈਂਡਰ:- 01

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 204 ਮਿਤੀ 19.4.2022 ਸਬੰਧੀ ।

ਹਵਾਲੇ ਅਧੀਨ ਮਤੇ ਰਾਹੀਂ ਇਹ ਫੈਸਲਾ ਹੋਇਆ ਸੀ ਕਿ ਕਿਉਂ ਜ਼ੋ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਹੈ, ਇਸ ਲਈ ਐਸ.ਈ.(ਬੀ ਐਂਡ ਆਰ) ਸਬੰਧਤ ਅਜੰਸੀ/ਠੇਕੇਦਾਰ ਨਾਲ ਸੇਵਿੰਗ ਸਬੰਧੀ ਨੈਗੋਸ਼ਿਏਸ਼ਨ ਕਰਕੇ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 21.4.2022 ਰਾਹੀਂ ਲਿਖਿਆ ਹੈ ਕਿ ਸਬੰਧਤ ਅਜੰਸੀ/ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਸ ਕੰਮ ਲਈ 2.00% ਸੇਵਿੰਗ ਲਈ ਸਹਿਮਤੀ ਦਿੱਤੀ ਹੈ। ਟੈਂਡਰ ਮੁੜ੍ਹ ਵਿਚਾਰਣ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਸਬੰਧਤ ਅਜੰਸੀ/ ਸੋਸਾਇਟੀ ਵਲੋਂ ਇਸ ਕੰਮ ਲਈ 15.88% ਸੇਵਿੰਗ ਦੀ ਸਹਿਮਤੀ ਦਿੱਤੀ ਜਾਂਦੀ ਹੈ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
25.4.2022

ਮਤਾ ਨੰਬਰ:-252

ਵਿਸ਼ਾ: P/L Cement conc. In the streets of Ucha Swraj Ganj. W.No. 51 (UEIP PH-II) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 7.59 ਲੱਖ ਟੈਂਡਰ ਅਮਾਉਂਟ ਰੁ: 6.59 ਲੱਖ ਸੇਵਿੰਗ: 13.13%

ਫਰਮ ਦਾ ਨਾਂ:- ਦੀ ਉਚਾ ਕੋ.ਅਪ.ਐਲ.ਸੀ.ਸੋਸਾਇਟੀ ਲਿਮਟਿਡ

ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 23.7.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਹੈ।ਜਿਸ ਦੀ ਰੈਗੂਲਰ ਮੰਜ਼ੂਰੀ ਹਾਊਸ ਦੇ ਮਤਾ ਨੰ: 104(18) ਮਿਤੀ 1.12.2020 ਨੂੰ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਲਿਖਿਆ ਹੈ ਕਿ ਇਸ ਟੈਂਡਰ ਨੂੰ ਮਾਨਯੋਗ ਮੇਅਰ ਜੀ ਨੇ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ਅਤੇ ਰੈਗੂਲਰ ਮੰਜ਼ੂਰੀ ਵਿੱਤ ਅਤੇ ਠੇਕਾ ਕਮੇਟੀ ਤੋਂ ਲੋੜੀਦੀ ਹੈ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਅਦੇਸ਼ਾਂ ਨਾਲ ਟੈਡਰ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-253

ਵਿਸ਼ਾ:- Renovation & Development of park in Tagore Nagar. (ਤਖਮੀਨਾ ਰੀਵਾਇਜ ਕਰਨ ਸਬੰਧੀ)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਕੰਮ ਦਾ ਤਖਮੀਨਾ 20.53 ਲੱਖ ਦਾ ਤਿਆਰ ਕੀਤਾ ਗਿਆ ਸੀ।ਜਿਸ ਨੂੰ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਸੀ ਅਤੇ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ. 366 ਮਿਤੀ 10.06.2021 ਰਾਹੀਂ ਸੇਵਿੰਗ 10.22% ਤੇ ਪ੍ਰਵਾਨ ਕਰਨ ਉਪਰੰਤ ਮੈਸ: ਹਰੀ ਕੰਨਸਟਰਕਸ਼ਨ ਠੇਕੇਦਾਰ ਨੂੰ ਇਸ ਦਫ਼ਤਰ ਦੇ ਵਰਕ ਆਰਡਰ ਨੰ. CE/W/45 ਮਿਤੀ 15.06.2021 ਰਾਹੀਂ ਅਲਾਟ ਕੀਤਾ ਗਿਆ ਸੀ। ਤਖਮੀਨੇ ਅਨੁਸਾਰ ਮੌਕੇ ਤੇ ਕੰਮ ਕਰਨ ਉਪਰੰਤ ਮਾਨਯੋਗ ਮੇਅਰ ਸਾਹਿਬ ਜੀ ਦੇ ਹੁਕਮ ਅਨੁਸਾਰ ਕੰਮ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਪਾਰਕ ਵਿੱਚ ਤਖਮੀਨੇ ਤੋਂ ਇਲਾਵਾ ਵੀ ਕੁੱਝ ਹੋਰ ਕੰਮ ਕਰਨ ਲਈ ਆਦੇਸ਼ ਦਿੱਤੇ ਗਏ ।ਜਿਸ ਕਰਕੇ ਤਖਮੀਨੇ ਦੀਆਂ ਆਇਟਮ ਵਿੱਚ ਕੁੱਝ ਵੈਰੀਏਸ਼ਨ ਕਰਨੀ ਲਾਜ਼ਮੀ ਹੋਵੇਗੀ। ਹੁਣ ਬਣੇ ਹੋਏ ਤਖਮੀਨੇ ਨੂੰ 24.75% ਰਿਵਾਇਜ ਆਇਟਮ ਵੈਰੀਏਸ਼ਨ ਅਤੇ ਸਮੇਂ ਵਿੱਚ ਪ੍ਰਵਾਨਗੀ ਹੋਣ ਦੀ ਮਿਤੀ ਤੋਂ 1 ਮਹੀਨੇ ਵਾਧੇ ਦੀ ਇਜ਼ਾਜਤ ਦਿੱਤੀ ਜਾਵੇ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਤਖਮੀਨਾ ਰੀਵਾਇਜ ਕਰਨ ਲਈ ਤਜਵੀਜ ਵਿੱਤ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਖਮੀਨਾ ਰੀਵਾਇਜ ਕਰਨ ਦੀ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022

ਮਤਾ ਨੰਬਰ:-254

ਵਿਸ਼ਾ:- Const of CC road from Madan Flour Mill Chowk to Partap Bagh, W.no. 19 (ਤਖਮੀਨਾ ਰੀਵਾਇਜ ਕਰਨ ਸਬੰਧੀ)

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਕੰਮ ਦਾ ਤਖਮੀਨਾ 232.88 ਲੱਖ ਦਾ ਤਿਆਰ ਕੀਤਾ ਗਿਆ ਸੀ। ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ. 71(4) ਮਿਤੀ 27.07.2021 ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਗਿਆ ਸੀ ਅਤੇ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰ. 829 ਮਿਤੀ 10.11.2021 ਰਾਹੀਂ ਸੇਵਿੰਗ 25.31% ਤੇ ਪ੍ਰਵਾਨ ਕਰਨ ਉਪਰੰਤ ਮੈਸ: ਸੇਠੀ ਇੰਟਰਪ੍ਰਾਈਜਸ ਠੇਕੇਦਾਰ ਨੂੰ ਇਸ ਦਫ਼ਤਰ ਦੇ ਵਰਕ ਆਰਡਰ ਨੰ. CE/B&R/128 ਮਿਤੀ 16.11.2021 ਰਾਹੀਂ ਅਲਾਟ ਕੀਤਾ ਗਿਆ ਸੀ। ਤਖਮੀਨੇ ਅਨੁਸਾਰ ਮੌਕੇ ਤੇ ਕੰਮ ਕਰਨ ਉਪਰੰਤ ਮਾਨਯੋਗ ਮੇਅਰ ਸਾਹਿਬ ਜੀ ਦੇ ਹੁਕਮ ਅਨੁਸਾਰ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਮੌਕੇ ਤੇ ਤਖਮੀਨੇ ਤੋਂ ਇਲਾਵਾ ਵੀ ਕੁੱਝ ਹੋਰ ਕੰਮ ਕਰਨ ਲਈ ਆਦੇਸ਼ ਦਿੱਤੇ ਗਏ (ਮਿਸਲ ਵਿਚ ਨੱਥੀ) ਜਿਸ ਕਰਕੇ ਤਖਮੀਨੇ ਦੀਆਂ ਆਇਟਮ ਵਿੱਚ ਕੁੱਝ ਵੈਰੀਏਸ਼ਨ ਕਰਨੀ ਲਾਜ਼ਮੀ ਹੋਵੇਗੀ।ਹੁਣ ਬਣੇ ਹੋਏ ਤਖਮੀਨੇ ਨੂੰ 18.85% ਰਿਵਾਇਜ ਕਰਦੇ ਹੋਏ ਸੋਧਿਆ ਤਖਮੀਨਾ ਰਾਸ਼ੀ 276.68 ਲੱਖ ਪ੍ਰਵਾਨਗੀ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਪ੍ਰਵਾਨਗੀ ਉਪੰਰਤ ਪ੍ਰਵਾਨਗੀ ਮਿਤੀ ਤੋਂ 1 ਮਹੀਨੇ ਦੀ ਸਮਾਂ ਸੀਮਾ ਵੀ ਵੱਧ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਤਖਮੀਨਾ ਰੀਵਾਇਜ ਕਰਨ ਲਈ ਤਜਵੀਜ ਵਿੱਤ ਠੇਕਾ ਕਮੇਟੀ ਵਿੱਚ ਵਿਚਾਰਨ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਖਮੀਨਾ ਰੀਵਾਇਜ ਕਰਨ ਦੀ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

25.4.2022